ਨੰਬਰ........../ਪਾਰਟ/72/72 ਮਿਤੀ..............

ਵੱਲੋਂ ਨੰਬਰ

ਮੁੱਖ ਇੰਜੀਨੀਅਰ/ਨਹਿਰਾਂ,
ਸਿੰਚਾਈ ਵਿਭਾਗ, ਪੰਜਾਬ,
ਚੰਡੀਗੜ੍ਹ।

ਵੱਲ

ਨਿਗਰਾਨ ਇੰਜੀਨੀਅਰ,
ਅਪਰ ਬਾਰੀ ਦੁਆਬ ਕੈਨਾਲ ਸਰਕਲ,
ਅੰਮ੍ਰਿਤਸਰ।

ਵਿਸ਼ਾ:- **ਖ਼੍ਰੀਫ ਸਮੇਂ ਮਿਤੀ 28-04-2017 ਤੋਂ ਮਿਤੀ 28-10-2017 ਦੌਰਾਨ ਅਪਰ ਬਾਰੀ ਦੁਆਬ ਕੈਨਾਲ ਸਿਸਟਮ ਦੀਆਂ ਨਹਿਰਾਂ ਦੇ ਚਲਾਉਣ ਦਾ ਵਾਰੀ ਬੰਦੀ ਪ੍ਰੋਗਰਾਮ।**

*******

ਅਪਰ ਬਾਰੀ ਦੁਆਬ ਕੈਨਾਲ ਸਿਸਟਮ ਦੀਆਂ ਨਹਿਰਾਂ ਨੂੰ ਖ਼੍ਰੀਫ ਸਮੇਂ ਦੌਰਾਨ ਮਿਤੀ 28-04-2017 ਤੋਂ ਮਿਤੀ 28-10-2017 ਤੱਕ ਚਲਾਉਣ ਦਾ ਮੁੱਖ ਇੰਜੀਨੀਅਰ/ਨਹਿਰਾਂ ਜੀ ਵੱਲੋਂ ਮੰਨਜ਼ੂਰਸ਼ੁਦਾ ਪ੍ਰੋਗਰਾਮ ਤਿਆਰ ਕਰਕੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਰੈਵੀਨਿਊ ਮੈਨੂਅਲ ਦੇ ਪੈਰਾ 13.13 ਅਨੁਸਾਰ ਇਸ ਵਾਰੀ ਬੰਦੀ ਪ੍ਰੋਗਰਾਮ ਨੂੰ ਸਬੰਧਤ ਸਾਰੇ ਕਾਸ਼ਤਕਾਰਾਂ ਦੀ ਆਮ ਜਾਣਕਾਰੀ ਹਿੱਤ ਇਸ ਦਾ ਕਾਫੀ ਪ੍ਰਚਾਰ ਕੀਤਾ ਜਾਵੇ। ਜਦੋਂ ਵੀ ਅਪਰ ਬਾਰੀ ਦੁਆਬ ਕੈਨਾਲ ਦੇ ਦੋਹਾਂ ਗਰੁੱਪਾਂ ਦਾ ਇਨਡੈਂਟ ਵੱਧ ਹੋਵੇ ਤੇ ਪਾਣੀ ਦੀ ਉਪਲੱਭਤਾ ਘੱਟ ਹੋਵੇ ਤਾਂ ਇਸ ਵਾਰੀ ਬੰਦੀ ਪ੍ਰੋਗਰਾਮ ਨੂੰ ਲਾਗੂ ਕੀਤਾ ਜਾਵੇ।

ਇੱਥੇ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਇਹੋ ਜਿਹਾ ਵਾਰੀ ਬੰਦੀ ਪ੍ਰੋਗਰਾਮ ਹਰੇਕ ਰਜਵਾਹੇ ਲਈ ਵੀ ਬਣਾਇਆ ਜਾਵੇ ਅਤੇ ਸਬੰਧਤ ਕਾਰਜਕਾਰੀ ਇੰਜੀਨੀਅਰ ਆਪਣੀ ਨਿਗਰਾਨੀ ਹੇਠ ਲਾਗੂ ਕਰਨ ਤਾਂ ਕਿ ਨਹਿਰ ਦੇ ਪਾਣੀ ਦੀ ਬੇਤਰਤੀਬੀ ਵੰਡ ਬਾਰੇ ਕੋਈ ਸ਼ਿਕਾਇਤ ਨਾ ਆਵੇ। ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਹਰੇਕ ਰਜਬਾਹਾ ਪੂਰੇ 8 ਦਿਨਾਂ ਲਈ ਪੂਰੀ ਸਮਰੱਥਾ ਨਾਲ ਚੱਲੇ, ਜਦੋਂ ਬਰਾਂਚ ਨਹਿਰ ਵਿੱਚ ਪਾਣੀ ਦੀ ਉਪਲੱਭਤਾ ਘੱਟ ਹੋਵੇ ਜਾਂ "ਇੰਡੈਂਟ" ਮੁਤਾਬਿਕ ਨਾ ਚੱਲਦੀ ਹੋਵੇ। ਇਸ ਵਾਰੀ ਬੰਦੀ ਪ੍ਰੋਗਰਾਮ ਦੀਆਂ ਕਾਪੀਆਂ ਸਾਰੇ ਨਹਿਰੀ ਵਿਸ਼ਰਾਮ ਘਰਾਂ/ਰੈਗੂਲੇਟ ਕਰਨ ਵਾਲੀਆਂ ਥਾਵਾਂ/ਮੁੱਖ ਨਹਿਰਾਂ/ਰਜਬਾਹਿਆਂ ਦੇ ਹੈਡ ਅਤੇ ਪਿੰਡਾਂ ਦੇ ਪੰਚਾਇਤ ਘਰਾਂ ਵਿੱਚ ਲਾਈਆਂ ਜਾਣ ਅਤੇ ਇੱਕ-ਇੱਕ ਕਾਪੀ ਸਬੰਧਤ ਪਿੰਡਾਂ ਦੇ ਸਰਪੰਚਾਂ ਨੂੰ ਵੀ ਦਿੱਤੀ ਜਾਵੇ ਤਾਂ ਕਿ ਕਾਸ਼ਤਕਾਰਾਂ ਨੂੰ ਸਾਲ 2017 ਦੇ ਖ਼੍ਰੀਫ ਸਮੇਂ ਵਿੱਚ ਪਾਣੀ ਦੀ ਉਪਲੱਭਤਾ ਬਾਰੇ ਪੂਰੀ ਜਾਣਕਾਰੀ ਮਿਲ ਸਕੇ।

ਇਸ ਪ੍ਰੋਗਰਾਮ ਨੂੰ ਤਿਆਰ ਕਰਕੇ ਭੇਜਣ ਬਾਰੇ ਆਪ ਜੀ ਨੂੰ ਇਸ ਦਫਤਰ ਦੇ ਪੱਤਰ ਨੰਬਰ 191/3-ਪਾਰਟ/72/72 ਮਿਤੀ 14-02-2017 ਅਤੇ ਕੈਨਾਲ ਵਾਇਰ ਨੰਬਰ 613, ਮਿਤੀ 06-03-2017 ਰਾਹੀਂ ਲਿਖਿਆ ਸੀ। ਆਪ ਜੀ ਦੇ ਦਫਤਰ ਵੱਲੋਂ ਭੇਜਿਆ ਪ੍ਰਗਾਰਾਮ, ਪੜਤਾਲਣ/ਸਧ ਕਰਨ ਉਪਰੰਤ, ਤਿਆਰ ਕਰਕੇ ਭੇਜਿਆ ਜਾਂਦਾ ਹੈ।

ਜੇਕਰ ਇਸ ਪ੍ਰੋਗਰਾਮ ਨੂੰ ਬਦਲਣ ਜਾਂ ਸੋਧਣ ਦੀ ਜ਼ਰੂਰਤ ਮਹਿਸੂਸ ਹੋਵੇ ਤਾਂ ਮੁੱਖ ਇੰਜੀਨੀਅਰ/ਨਹਿਰਾਂ ਨਾਲ ਸਲਾਹ ਮਸ਼ਵਰਾ ਕੀਤਾ ਜਾਵੇ।

ਨੱਥੀ/ਵਾਰੀ ਬੰਦੀ ਪ੍ਰੋਗਰਾਮ
ਦੀਆਂ ਚਾਰ ਕਾਪੀਆਂ

ਕਾਰਜਕਾਰੀ ਇੰਜੀਨੀਅਰ/ਰੈਗੂਲੇਸ਼ਨ,
ਵਾ: ਮੁੱਖ ਇੰਜੀਨੀਅਰ/ਨਹਿਰਾਂ,ਸਿੰਚਾਈ ਵਿਭਾਗ,
ਪੰਜਾਬ, ਚੰਡੀਗੜ੍ਹ।

ਨੰਬਰ 545-558/3-ਪਾਰਟ/72/72 ਮਿਤੀ 17/04/2017

ਉਪਰੋਕਤ ਦੀ ਕਾਪੀ, ਸਮੇਤ ਵਾਰੀ ਬੰਦੀ ਪ੍ਰੋਗਰਾਮ ਹੇਠ ਲਿਖੇ ਦਫਤਰਾਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿੰਚਾਈ ਵਿਭਾਗ, ਚੰਡੀਗੜ੍ਹ।
2. ਡਾਇਰੈਕਟਰ, ਖੇਤੀਬਾੜੀ ਵਿਭਾਗ, ਪੰਜਾਬ, ਚੰਡੀਗੜ, ਐਸ.ਸੀ.ਓ. ਨੰ:85-88 ਸੈਕਟਰ 34 ਏ, ਚੰਡੀਗੜ੍ਹ।
3. ਲੋਕ ਸੰਪਰਕ ਅਧਿਕਾਰੀ, ਸਿੰਚਾਈ ਮੰਤਰੀ, ਪੰਜਾਬ, ਕਮਰਾ ਨੰ:11, ਪੰਜਵੀ ਮੰਜਿਲ ਸਿਵਲ ਸਕੱਤਰੇਤ, ਚੰਡੀਗੜ੍ਹ।
4. ਕਾਰਜਕਾਰੀ ਇੰਜੀਨੀਅਰ, ਗੁਰਦਾਸਪੁਰ ਮੰਡਲ, ਯੂ.ਬੀ.ਡੀ.ਸੀ, ਗੁਰਦਾਸਪੁਰ।
5. ਕਾਰਜਕਾਰੀ ਇੰਜੀਨੀਅਰ, ਜੰਡਿਆਲਾ ਮੰਡਲ, ਯੂ.ਬੀ.ਡੀ.ਸੀ, ਅੰਮ੍ਰਿਤਸਰ।
6. ਕਾਰਜਕਾਰੀ ਇੰਜੀਨੀਅਰ, ਮਾਧੋਪੁਰ ਮੰਡਲ, ਯੂ.ਬੀ.ਡੀ.ਸੀ, ਗੁਰਦਾਸਪੁਰ।
7. ਕਾਰਜਕਾਰੀ ਇੰਜੀਨੀਅਰ, ਮਜੀਠਾ ਮੰਡਲ,ਯੂ.ਬੀ.ਡੀ.ਸੀ, ਅੰਮ੍ਰਿਤਸਰ।
8. ਡਿਪਟੀ ਕਮਿਸ਼ਨਰ, ਅੰਮ੍ਰਿਤਸਰ।
9. ਡਿਪਟੀ ਕਮਿਸ਼ਨਰ, ਗੁਰਦਾਸਪੁਰ।
10. ਡਿਪਟੀ ਕਮਿਸ਼ਨਰ, ਤਰਨਤਾਰਨ।
11. ਡਿਪਟੀ ਕਮਿਸ਼ਨਰ, ਪਠਾਨਕੋਟ।
12. ਡਾਇਰੈਕਟਰ, ਐਕਸਟੈਂਸ਼ਨ ਐਜੂਕੇਸ਼ਨ., ਪੰਜਾਬ, ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।
13. ਕਾਰਜਕਾਰੀ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਮੁੱਖ ਦਫਤਰ, ਪੰਜਾਬ, ਚੰਡੀਗੜ੍ਹ।
14. ਇਚਾਰਜ ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਵੈਬ ਸਾਇਟ ਤੇ ਪਾਉਣ ਲਈ ਭੇਜਿਆ ਜਾਂਦਾ ਹੈ ।

ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ. 308 ਮਿਤੀ 19/4/17

ਸਹਿਪੱਤਰ/ਉਪਰੋਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ/ਰੈਗੂਲੇਸ਼ਨ,
ਵਾ: ਮੁੱਖ ਇੰਜੀਨੀਅਰ/ਨਹਿਰਾਂ,ਸਿੰਚਾਈ ਵਿਭਾਗ,
ਪੰਜਾਬ, ਚੰਡੀਗੜ੍ਹ।

## ਨੋਟ

**ਇਸ ਸਮੇਂ ਦੌਰਾਨ ਜੇਕਰ ਕਿਸੇ ਕਾਰਨ ਕਰਕੇ ਨਹਿਰ ਦੀ ਬੰਦੀ ਆ ਜਾਂਦੀ ਹੈ ਤਾਂ ਸਬੰਧਤ ਨਿਗਰਾਨ ਇੰਜੀਨੀਅਰ ਵੱਲੋਂ ਵਾਰੀ ਬੰਦੀ ਪ੍ਰੋਗਰਾਮ ਬਿਨ੍ਹਾਂ ਕਿਸੇ ਨੋਟਿਸ ਦੇ ਬਦਲਿਆ/ਦੋਰਾਹਿਆ ਜਾ ਸਕਦਾ ਹੈ ।**

ਅਪਰ ਬਾਰੀ ਦੁਆਬ ਕੈਨਾਲ ਸਿਸਟਮ ਦੀਆਂ ਨਹਿਰਾਂ ਦਾ ਖ਼ਰੀਫ ਸਮਾਂ ਮਿਤੀ 28-04-2017 ਤੋਂ ਮਿਤੀ 28-10-2017 ਤੱਕ ਦਾ ਵਾਰੀ ਬੰਦੀ ਪ੍ਰੋਗਰਾਮ।

| ਲੜੀ ਨੰ: | ਸਮਾਂ | | ਕਸੂਰ ਬਰਾਂਚ ਲੋਅਰ ਅਤੇ ਮੇਨ ਲਾਈਨ ਤੱਕ ਦੇ ਰਜਬਾਹੇ (ਗਾਜੀਕੋਟ ਨੂੰ ਛੱਡਕੇ) 1418ਕਿਊਸਿਕਸ (ੳ) | ਸਭਰਾਓ ਬਰਾਂਚ 1334 ਕਿਊਸਿਕਸ (ਅ) | ਲਹੌਰ ਬਰਾਂਚ, ਧਿਆਨ ਪੁਰਾ, ਅਲੀਵਾਲ ਮਜੀਠਾ, ਕੋਟਲਾ, ਕੋਟ ਕਰਮਚੰਦ, ਖੇੜੀਵਾਲਾ, ਬਰੀਏਵਾਲਾ, ਕੰਜਾਰ,ਬੇਬੇਹਾਲੀ ਰਜਬਾਹੇ 1059 ਕਿਊਸਿਕਸ (ੲ) | ਮੇਨ ਬਰਾਂਚ ਲੋਅਰ, ਫਤਿਹਗੜ੍ਹ,ਰਾਈਆਂ, ਬਿਸਨੀਵਾਲ,ਗਾਜੀਕੋਟ ਰਜਬਾਹੇ 1154 ਕਿਊਸਿਕਸ (ਸ) |
|---|---|---|---|---|---|---|
| | ਤੋਂ | ਤੱਕ | | | | |
| 1 | 28/04/2017 | 05/05/2017 | 1 | 2 | 3 | 4 |
| 2 | 06/05/2017 | 13/05/2017 | 4 | 3 | 2 | 1 |
| 3 | 14/05/2017 | 21/05/2017 | 2 | 1 | 4 | 3 |
| 4 | 22/05/2017 | 29/05/2017 | 3 | 4 | 1 | 2 |
| 5 | 30/05/2017 | 06/06/2017 | 1 | 2 | 3 | 4 |
| 6 | 07/06/2017 | 14/06/2017 | 4 | 3 | 2 | 1 |
| 7 | 15/06/2017 | 22/06/2017 | 2 | 1 | 4 | 3 |
| 8 | 23/06/2017 | 30/06/2017 | 3 | 4 | 1 | 2 |
| 9 | 01/07/2017 | 08/07/2017 | 1 | 2 | 3 | 4 |
| 10 | 09/07/2017 | 16/07/2017 | 4 | 3 | 2 | 1 |
| 11 | 17/07/2017 | 24/07/2017 | 2 | 1 | 4 | 3 |
| 12 | 25/07/2017 | 01/08/2017 | 3 | 4 | 1 | 2 |
| 13 | 02/08/2017 | 09/08/2017 | 1 | 2 | 3 | 4 |
| 14 | 10/08/2017 | 17/08/2017 | 4 | 3 | 2 | 1 |
| 15 | 18/08/2017 | 25/08/2017 | 2 | 1 | 4 | 3 |
| 16 | 26/08/2017 | 02/09/2017 | 3 | 4 | 1 | 2 |
| 17 | 03/09/2017 | 10/09/2017 | 1 | 2 | 3 | 4 |
| 18 | 11/09/2017 | 18/09/2017 | 4 | 3 | 2 | 1 |
| 19 | 19/09/2017 | 26/09/2017 | 2 | 1 | 4 | 3 |
| 20 | 27/09/2017 | 04/10/2017 | 3 | 4 | 1 | 2 |
| 21 | 05/10/2017 | 12/10/2017 | 1 | 2 | 3 | 4 |
| 22 | 13/10/2017 | 20/10/2017 | 4 | 3 | 2 | 1 |
| 23 | 21/10/2017 | 28/10/2017 | 2 | 1 | 4 | 3 |

ਨੋਟ: 1. ਉਪਰੋਕਤ ਵਾਰੀ ਬੰਦੀ ਪ੍ਰੋਗਰਾਮ ਰਣਜੀਤ ਸਾਗਰ ਡੈਮ ਵਿੱਚ ਪਾਣੀ ਦੀ ਉਪਲੱਭਤਾ ਤੇ ਨਿਰਭਰ ਕਰਦਾ ਹੈ।

2. ਨਿਗਰਾਨ ਇੰਜੀਨੀਅਰ, ਅਪਰਬਾਰੀ ਦੁਆਬ ਕੈਨਾਲ ਸਰਕਲ, ਅੰਮ੍ਰਿਤਸਰ ਕਿਸੇ ਸਮੇਂ ਬਿਨਾਂ ਕਿਸੇ ਨੋਟਿਸ ਦਿੱਤੇ ਇਸ ਨੂੰ ਬਦਲਣ ਦੀ ਸਮਰੱਥਾ ਰੱਖਦੇ ਹਨ।

3. ਮੇਨ ਬਰਾਂਚ ਲੋਅਰ, ਦਿਵਾਲੀ ਅਤੇ ਵਿਸਾਖੀ ਤੋਂ ਪਹਿਲਾਂ ਦਰਬਾਰ ਸਾਹਿਬ ਅਤੇ ਦੁਰਗਿਆਣਾ ਮੰਦਰ ਦੇ ਸਰੋਵਰ ਵਾਸਤੇ ਪਹਿਲੀ ਅਤੇ ਦੂਜੀ ਤਰਜੀਹ ਤੇ ਚੱਲੇਗੀ।

| ਪਹਿਲਾਂ ਗਰੁੱਪ | | ਦੂਜਾ ਗਰੁੱਪ | |
|---|---|---|---|
| (ੳ) | 1418 ਕਿਊਸਿਕਸ | (ੲ) | 1059 ਕਿਊਸਿਕਸ |
| (ਅ) | 1334 ਕਿਊਸਿਕਸ | (ਸ) | 1154 ਕਿਊਸਿਕਸ |